(i) Printed Pages : 4]  Roll No. ..................................

(ii) Questions : 8]  **Sub. Code : 0 2 0 9**

**Exam. Code : 0 0 0 3**

## B.A./B.Sc. (General) 3rd Semester Examination

# 1127

## PUNJABI (Elective)

**Time : 3 Hours]**  **[Max. Marks : 90**

*Note* :– I. ਲਿਖਾਈ ਸਾਫ ਅਤੇ ਸਪਸ਼ਟ ਹੋਣੀ ਚਾਹੀਦੀ ਹੈ।

II. ਸਵਾਲਾਂ ਦੇ ਉਤਰ ਭਾਵ-ਪੂਰਨ ਅਤੇ ਸਪਸ਼ਟ ਹੋਣੇ ਚਾਹੀਦੇ ਹਨ।

III. ਸਾਰੇ ਉਤਰ ਪ੍ਰਸ਼ਨ-ਪੱਤਰ ਅਨੁਸਾਰ ਕ੍ਰਮਵਾਰ ਹੱਲ ਕੀਤੇ ਜਾਣ।

1. ਹੇਠ ਲਿਖੀਆ ਕਾਵਿ-ਟੁਕੜੀਆ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 10

(I) ਸ਼ਾਹ ਸਿਕੰਦਰ ਢੂੰਡੇ ਆਬਿਹਯਾਤ ਨੂੰ।
ਫਿਰਦਾ ਵਿਚ ਪਹਾੜਾਂ ਦਿਨ ਤੇ ਰਾਤ ਨੂੰ।
ਪੀਤੋ ਸੁ ਨਾਹਿ ਪਿਆਲਾ, ਆਪਣੇ ਦਸਤ ਭਰ।
ਵਜੀਦਾ ਕੌਣ ਸਾਹਿਬ ਨੈ ਆਖੈ, ਐਉਂ ਨਹੀ ਅੰਵ ਕਰ।

(II) ਮੂੰਹੋਂ ਹੋਬਾ ਦਿਲੋ ਨਾ ਕਰਦਾ,
ਨਾਹੀਂ ਖੈਫ਼ ਖ਼ੁਦਾ ਦਾ ਕਰਦਾ,
ਇਸ ਤੋਬਾ ਥੀਂ ਤੋਬਾ ਕਰੀਏ,
ਤਾ ਬਖਸ਼ੇ ਗ਼ੁੱਫ਼ਾਰ, ਕੈਸੀ ਤੋਬਾ ਹੈ।

2. ਹੇਠ ਲਿਖੀਆ ਕਵਿਤਾਵਾਂ ਵਿਚੋਂ ਕਿਸੇ ਇਕ ਕਵਿਤਾ ਦਾ ਵਿਸ਼ਾ-ਵਸਤੂ ਲਿਖੋ : 10

(ੳ) ਕਰਨਾਲ ਦੀ ਲੜਾਈ (ਨਜ਼ਾਬਤ)

(ਅ) ਚੱਠਿਆ ਦੀ ਵਾਰ (ਪੀਰ ਮੁਹੰਮਦ)

3. ਸਫਰਨਾਮਾ 'ਸੱਚੋ ਸੱਚ' ਦੇ ਕਾਂਡ 'ਅਮਰੀਕਾ ਦਾ ਅਸਲੀ ਚਿਹਰਾ' ਦਾ ਸਾਰ ਲਿਖੋ।

ਜਾਂ

ਸਫਰਨਾਮਾ 'ਸੱਚੋ ਸੱਚ' ਦੇ ਕਾਂਡ ਅਮਰੀਕਾ ਵਿਚ ਵਸਦੇ ਪੰਜਾਬੀ' ਦਾ ਸਾਰ ਲਿਖੋ। 10

4. 'ਸੱਚੋ ਸੱਚ' ਸਫਰਨਾਮੇ ਦਾ ਵਿਸ਼ਾ-ਵਸਤੂ ਸਪਸ਼ਟ ਕਰੋ।

ਜਾਂ

'ਸੱਚੋ ਸੱਚ' ਸਫਰਨਾਮੇ ਦੀ ਸਾਹਿਤਕ ਪਰਖ ਕਰੋ। 10

5. ਕਿਸੇ ਪੰਜ ਪ੍ਰਸ਼ਨਾਂ ਦੇ ਲਘੂ ਉਤਰ ਲਿਖੋ : 5×2=10

(i) ਰੱਬ ਦੇ ਭਾਣੇ ਵਿਚ ਗਊਆ ਤੇ ਕੁੱਤਿਆ ਨੂੰ ਖਾਣ ਲਈ ਕੀ ਮਿਲਦਾ ਹੈ ?

(ii) ਵਜੀਦ ਦੇ ਸੁਲੈਕਾ ਦਾ ਵਿਸ਼ਾ ਕੀ ਹੈ ?

(iii) ਕੈਸੀ ਤੋਬਾ ਹੈ ਕਾਫੀ ਦਾ ਕੇਂਦਰੀ ਭਾਵ ਲਿਖੋ।

(iv) ਮੌਜੂ ਦੇ ਮਰਨ ਮਗਰੋ ਭਰਾਵਾਂ ਨੇ ਜ਼ਮੀਨ ਦੀ ਵੰਡ ਵਿਚ ਧੀ ਦੇ ਨਾਲ ਕੀ ਧੋਖਾ ਕੀਤਾ ?

(v) 'ਸੱਚੋ ਸੱਚ' ਸਫਰਨਾਮੇ ਦਾ ਲੇਖਕ ਕੌਣ ਹੈ।

(vi) ਅਮਰੀਕਾ ਵਿਚ ਜਵਾਨੀ ਕਿਨ੍ਹਾਂ-ਕਿਨ੍ਹਾਂ ਰੂਪਾਂ ਵਿਚ ਦਿਖਾਈ ਦਿੰਦੀ ਹੈ ?

(vii) ਜੇ ਐਵਰੇਸਟ ਦੀ ਚੋਟੀ ਅਮਰੀਕਾ ਵਿਚ ਹੁੰਦੀ ਤਾਂ ਕੀ ਹੁੰਦਾ ?

(viii) ਲੇਖਕ ਅਨੁਸਾਰ 80% ਅਮਰੀਕਨ ਕਿਹੋ ਜਿਹੇ ਹਨ ?

6. ਕਿਸੇ ਚਾਰ ਪ੍ਰਸ਼ਨਾ ਦੇ ਸੰਖੇਪ ਉਤਰ ਲਿਖੋ : 4×5=20

(i) ਬੁਲੇ ਸ਼ਾਹ ਕਿਸ ਇਸ਼ਕ ਦੀ ਗੱਲ ਕਰਦਾ ਹੈ ? ਉਸ ਦੇ ਮੁਰਸ਼ਦ (ਗੁਰੂ) ਦਾ ਨਾਂ ਕੀ ਸੀ ?

(ii) ਮੀਆਂ ਵਜੀਦ ਰੱਬ ਨੂੰ ਕੀ ਉਲ੍ਹਾਮਾ ਦਿੰਦੇ ਹਨ ?

(iii) ਵਾਰਿਸ ਸ਼ਾਹ ਦੇ ਕਿੱਸੇ ਦਾ ਅੰਤ ਕਿਹੋ ਜਿਹਾ ਹੈ ?

(iv) ਮੱਧ-ਕਾਲ ਨੂੰ ਕਿੱਸਾ-ਕਾਵਿ ਦਾ ਸੁਨਹਿਰੀ ਯੁੱਗ ਕਿਓ ਕਿਹਾ ਜਾਂਦਾ ਹੈ ?

(v) ਮੀਆਂ ਇਮਾਮ ਬਖਸ਼ ਦੀ ਰਚਨਾ ਬਾਰੇ ਜਾਂਣਕਾਰੀ ਦਿਉ।

(vi) ਕਾਦਰ ਯਾਰ ਦੀਆ ਰਚਨਾਵਾਂ ਦੇ ਨਾਂ ਲਿਖੋ।

7. ਭਾਵ ਕੀ ਹੁੰਦੇ ਹਨ ? ਰਸ ਦੀ ਉਤਪਤੀ ਵਿਚ ਇਨ੍ਹਾਂ ਦੀ ਕੀ ਭੂਮਿਕਾ ਹੈ ?

ਜਾਂ

ਵਕ੍ਰੋਕਤੀ ਸੰਪਰਦਾਇ ਨਾਲ ਸੰਖੇਪ ਜਾਣ ਪਛਾਣ ਕਰਾਓ। 10

8. ਕਿਸੇ ਦੋ ਭਾਸ਼ਾ–ਵੰਨਗੀਆ ਨਾਲ ਜਾਣ ਪਛਾਣ ਕਰਾਓ : 5×2=10

(i) ਵਿਅਕਤੀ ਭਾਸ਼ਾ

(ii) ਗੁਪਤ ਭਾਸ਼ਾ

(iii) ਰਜਿਸਟਰ ਭਾਸ਼ਾ

(iv) ਪਿਜ਼ਨ ਭਾਸ਼ਾ